ਸਤੰਬਰ-ਦਸੰਬਰ 2023

ਜਿਲਦ-1

ਅੰਕ-2

ISSN 2584-0509

ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ

# ਖੋਜਨਾਮਾ

ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ

# ਗੁਰੂ ਨਾਨਕ ਬਾਣੀ ਵਿੱਚ ਕੁਦਰਤ: ਸਮਕਾਲੀ ਪ੍ਰਸੰਗਿਕਤਾ



ਡਾ. ਰਵਿੰਦਰ ਕੌਰ
ਸਹਾਇਕ ਪ੍ਰੋਫੈਸਰ
ਪੰਜਾਬੀ ਵਿਭਾਗ,
ਗੁਰੂ ਨਾਨਕ ਖਾਲਸਾ ਕਾਲਜ,
ਡਰੋਲੀ ਕਲਾਂ, ਜਲੰਧਰ।
rkaurgnkc@gmail.com

ਮਨੁੱਖ ਦੀ ਜਗਿਆਸੂ ਬਿਰਤੀ ਨੇ ਆਪਣੀ ਸੋਝੀ ਅਤੇ ਸਮਰੱਥਾ ਦੇ ਬਲ ’ਤੇ ਧਰਤੀ, ਆਕਾਸ਼ ਅਤੇ ਪਾਤਾਲ ਦੀ ਹੋਂਦ ਸੰਬੰਧੀ ਅਨੇਕ ਖੋਜਾਂ ਕੀਤੀਆਂ ਹਨ। ਹੁਣ ਤੱਕ ਦੇ ਅਧਿਆਤਮਿਕ, ਦਾਰਸ਼ਨਿਕ, ਪਦਾਰਥਵਾਦ ਅਤੇ ਵਿਗਿਆਨਕ ਵਿਚਾਰਧਾਰਾ ਵਿਚ ਦਿਸਦੇ-ਅਣਦਿਸਦੇ ਬ੍ਰਹਿਮੰਡੀ ਸੰਸਾਰ ਦੀ ਸਿਰਜਣਾ ਨੂੰ ਜਾਣਨ ਦੀ ਉਤਸੁਕਤਾ ਬਣੀ ਰਹੀ ਹੈ। ਕੁਦਰਤ ਦੀ ਅਸੀਮਤਾ ਨੂੰ ਪਛਾਣਦਿਆਂ ਧਰਤੀ ‘ਤੇ ਪੈਦਾ ਹੋਏ ਵੱਖ-ਵੱਖ ਧਰਮਾਂ ਨੇ ਅਧਿਆਤਮਵਾਦੀ ਸੁਰ ਵਿਚ ਕੁਦਰਤ ਨੂੰ ਪਰਿਭਾਸ਼ਿਤ ਕੀਤਾ ਹੈ ਜਿਵੇਂ ਇਸਾਈ ਮੱਤ ਵਿਚ, ‘ਫ਼ੁਨ ਕੁਨ’-ਹੋ ਗਿਆ’, ਮੁਸਲਿਮ ਧਰਮ ਵਿਚ ‘ਕੁਨ-ਹੋ ਜਾ’ ਅਤੇ ਸਿੱਖ ਧਰਮ ਅਨੁਸਾਰ, ‘ਅਰਬਦ ਨਰਬਦ ਧੁੰਦੂਕਾਰਾ’ ਭਾਵ ਇਕ ਬਿੰਦੂ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ। ਕੁਦਰਤ ਦੀ ਉਤਪਤੀ ਉਪਰੰਤ ਇਸ ਨੂੰ ਪੰਜ ਗਿਆਨ-ਇੰਦਰੀਆਂ ਦੀ ਸਮਰਥਾ ਸ਼ਕਤੀ ਨਾਲ ਵੇਖਿਆ ਜਾਣਾ ਅਰੰਭ ਹੋਇਆ। ਕੁਦਰਤ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਸ਼ਕਤੀ ਜਾਂ ਸਮਰੱਥਾ ਤੋਂ ਹੈ। ਵਿਗਿਆਨਕ ਖੋਜਾਂ ਦੀ ਸੂਖਮਤਾ ਨੇ ਦੂਰਬੀਨਾਂ-ਖੁਰਦਬੀਨਾਂ ਜਿਹੇ ਔਜਾਰਾਂ ਨੂੰ ਖੋਜਦਿਆਂ ਕੁਦਰਤ ਦੇ ਅਣ-ਦਿਖਦੇ ਵਰਤਾਰੇ ਉੱਪਰ ਵੀ ਝਾਤ ਪਵਾਈ ਹੈ। ਹਰ ਯੁੱਗ ਦੇ ਫਲਸਫੇ ਨੇ ਕੁਦਰਤ ਦੀ ਵਿਸ਼ਾਲਤਾ ਤੋਂ ਪ੍ਰਭਾਵਿਤ ਹੋ ਕੇ ਧਰਤੀ, ਆਕਾਸ਼, ਪਾਤਾਲ ਅਤੇ ਮਨੁੱਖ ਦੀ ਹੋਂਦ ਨੂੰ ਵਿਚਾਰਿਆ ਹੈ। ਸ੍ਰਿਸ਼ਟੀ ਦੇ ਜੀਵਨ ਗਤੀ ਵਾਲੇ ਹਰੇਕ ਪ੍ਰਾਣੀ ਨੂੰ ਜੀਵ ਕਿਹਾ ਜਾਂਦਾ ਹੈ। ਇਨ੍ਹਾਂ ਵਿਚੋਂ ਚਿੰਤਨਸ਼ੀਲ ਪ੍ਰਾਣੀ ਹੋਣ ਕਰਕੇ, ਮਨੁੱਖ ਉੱਤਮ ਅਤੇ ਵਧੇਰੇ ਬੁੱਧੀ ਵਾਲਾ ਜੀਵ ਹੈ। ਕਿਉਂ ਜੋ ਉਸ ਨੂੰ ਦਿਖਦੇ ਸੰਸਾਰ ਦਾ ਗਿਆਨ ਹੁੰਦਾ ਹੈ। ਮਨੁੱਖਾ ਸਰੀਰ ਪੰਜ ਤੱਤਾਂ-ਹਵਾ, ਮਿੱਟੀ, ਅਗਨੀ, ਪਾਣੀ, ਆਕਾਸ਼ ਤੋਂ ਪੈਦਾ ਹੁੰਦਾ ਹੈ ਅਤੇ ਆਪਣੀ ਉਮਰ ਭੋਗ ਕੇ ਇਹਨਾਂ ਪੰਜ ਤੱਤਾਂ ਵਿਚ ਹੀ ਸਮਾ ਜਾਂਦਾ ਹੈ। ਸੋਚਵਾਨ ਮਨੁੱਖ ਨੇ ਕੁਦਰਤ ਦੀ ਅਨੰਤ ਸਿਰਜਣਾ ਨੂੰ ਸਿਰਜਣ ਵਾਲੇ ‘ਕਰਤਾ’ ਨੂੰ ਅਤਿਅੰਤ ਨਾਵਾਂ ਨਾਲ ਪਰਿਭਾਸ਼ਿਤ ਕੀਤਾ ਹੈ। ਨਤੀਜੇ ਵਜੋਂ ਜਾਣਿਆ ਹੈ ਕਿ ਕਰਤਾ ਨੇ ਆਪਣੀ ਸਾਜੀ ਕੁਦਰਤ ਦੇ ਅਨੁਸ਼ਾਸਨ ਅਨੁਸਾਰ ਮਨੁੱਖ ਨੂੰ ਜੀਉਣ ਦੀ ਜਾਚ ਦੱਸੀ ਹੈ। ਅਣੂਆਂ-ਪਰਮਾਣੂਆਂ ਤੋਂ ਬਣੇ ਬ੍ਰਹਿਮੰਡ ਦੀਆਂ ਨਿਆਮਤਾਂ ਨੂੰ ਮਾਣਨ ਵਾਲਾ ਮਨੁੱਖ ਕੁਦਰਤ ਦੇ ਨਿਯਮਾਂ ਅਨੁਸਾਰ ਜੀਵਨ ਨੂੰ ਹੰਢਾਉਂਦਾ ਆ ਰਿਹਾ ਹੈ ਅਤੇ ਕੁਦਰਤ ਦੀ ਸ਼ਕਤੀਸ਼ਾਲੀ ਹੋਂਦ ਦੇ ਕਰਤਾ ਨੂੰ ‘ਪਰਾ-ਸ਼ਕਤੀ’ ਵਜੋਂ ਪਛਾਣਦਿਆਂ ਹੋਇਆਂ ਧਰਮ-ਕਰਮ,ਪੁੰਨ-ਪਾਪ, ਸੱਚ-ਝੂਠ, ਪੂਜਾ-ਸੇਵਾ ਜਿਹੇ ਸੰਕਲਪਾਂ ਦਾ ਧਾਰਨੀ ਬਣਿਆ ਹੈ। ਇਹ ਇਕ ਪ੍ਰਵਾਨਿਤ ਤੱਥ ਹੈ ਕਿ ਬਾਣੀਕਾਰਾਂ ਨੇ ਕਾਦਰ ਦੀ ਪਛਾਣ ਕੁਦਰਤ ਅਤੇ ਕਿਰਤ ਵਿਚੋਂ ਕੀਤੀ ਹੈ। ਗੁਰੂ ਨਾਨਕ ਸਾਹਿਬ ਨੇ ਕੁਦਰਤ ਸ਼ਬਦ ਦੀ ਵਰਤੋਂ ਸ੍ਰਿਸ਼ਟੀ ਲਈ ਕੀਤੀ ਹੈ। ਗੁਰੂ ਜੀ ਅਨੁਸਾਰ, ਪਰਮਾਤਮਾ ਸ੍ਰਿਸ਼ਟੀ ਦੀ ਰਚਨਾ ਕਰਕੇ ਫਿਰ ਉਸ ਵਿਚ ਹੀ

ਵਸਿਆ ਹੋਇਆ ਹੈ-

'ਬਲਿਹਾਰੀ ਕੁਦਰਤ ਵਸਿਆ ਤੇਰਾ ਅੰਤੁ ਨ ਜਾਈ ਲਖਿਆ।।[1]

ਗੁਰੂ ਨਾਨਕ ਸਾਹਿਬ ਜੀ ਧਰਤੀ ਦੇ ਮਹਾਨ ਫਿਲਾਸਫਰ, ਸੁਧਾਰਕ ਅਤੇ ਅਧਿਆਤਮਵਾਦੀ ਚਿੰਤਕ ਹੋਏ ਹਨ। ਉਨ੍ਹਾਂ ਦੇ ਆਗਮਨ ਨਾਲ ਇਕ ਪ੍ਰਮਾਣਿਕ ਯੁੱਗ ਦਾ ਅਰੰਭ ਹੁੰਦਾ ਹੈ। ਗੁਰੂ ਨਾਨਕ ਸਾਹਿਬ ਦੇ ਫਲਸਫੇ ਅਨੁਸਾਰ ਸਮੁੱਚੇ ਬ੍ਰਹਿਮੰਡ ਵਿਚ ਅਨਹਦ ਨਾਦ ਵਾਲੀ ਧੁਨੀ ਗੂੰਜਦੀ ਹੈ। ਕਾਦਰ ਦੀ ਅਸੀਮ ਰਚਨਾ ਵਿਚੋਂ ਦੀਪ, ਲੋਅ, ਪਾਤਾਲ, ਧਰਤੀ ਅਤੇ ਆਕਾਸ਼ ਸੰਬੰਧੀ ਗੁਰੂ ਸਾਹਿਬ ਦਾ ਵਖਿਆਨ ਮਨੁੱਖ ਨੂੰ ਉਸ ਪਰਮ ਸ਼ਕਤੀ ਦਾ ਗਿਆਨ ਕਰਵਾਉਂਦਾ ਹੈ, ਜਿਸ ਨੇ ਇਕ ਸ਼ੂਨਯ ਤੋਂ ਸ੍ਰਿਸ਼ਟੀ ਨੂੰ ਪੈਦਾ ਕੀਤਾ ਹੈ। ਮਨੁੱਖ ਦੇ ਕੁਦਰਤ ਸੰਬੰਧੀ ਪੈਦਾ ਹੋਏ ਰਹੱਸ ਨੂੰ ਗੁਰੂ ਸਾਹਿਬ ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਘੁੱਪ-ਹਨੇਰਾ ਦਰਸਾਉਂਦੇ ਹਨ। ਇਸ ਸੁੰਨ ਅਵਸਥਾ ਵਿਚ ਨਾ ਖਾਣੀਆਂ, ਨਾ ਬਾਣੀਆਂ, ਨਾ ਮੰਦਿਰ, ਨਾ ਹਵਨ-ਯੱਗ, ਨਾ ਕਿਸੇ ਪ੍ਰਕਾਰ ਦਾ ਤੀਰਥ ਅਤੇ ਨਾ ਹੀ ਧਰਤੀ, ਆਕਾਸ਼, ਪਾਤਾਲ,ਚੰਦ, ਸੂਰਜ, ਦਿਨ-ਰਾਤ ਸਨ। ਹਰ ਪਾਸੇ ਸੁੰਨ ਅਵਸਥਾ ਪਸਰੀ ਹੋਈ ਸੀ-

'ਅਰਬਦ ਨਰਬਦ ਧੁੰਦੂਕਾਰਾ।।
ਧਰਣਿ ਨ ਗਗਨਾ ਹੁਕਮੁ ਅਪਾਰਾ।।
ਨਾ ਦਿਨੁ ਰੈਨਿ ਨ ਚੰਦੁ ਨ ਸੂਰਜ
ਸੁੰਨ ਸਮਾਧਿ ਲਗਾਇਦਾ।।
ਖਾਣੀ ਨ ਬਾਣੀ ਪਉਣੁ ਨ ਪਾਣੀ।।
ਉਪਤਿ ਖਪਤਿ ਨ ਆਵਣ ਜਾਣੀ।।
ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨਾ ਨੀਰੁ ਵਹਾਇਦਾ।।
ਖਹਿਤਾ ਬਕਤਾ ਆਪ ਆਪ ਅਗੋਚਰੁ ਆਪ ਅਲਖੁ ਲਿਖਾਇਦਾ।।[2]

ਅਜੋਕਾ ਮਨੁੱਖ ਕਾਦਰ ਦੀ ਘੜੀ ਰਚਨਾ ਨੂੰ ਆਪਣੀ ਵਿਗਿਆਨਕ ਬਿਰਤੀ ਅਤੇ ਸਵਾਰਥੀ ਭਾਵਨਾ ਰਾਹੀਂ ਕਿਤੇ ਨਾ ਕਿਤੇ ਕੁਦਰਤ ਨੂੰ ਆਪਣੇ ਅਨੁਸਾਰੀ ਢਾਲਣ ਦੇ ਯਤਨ ਹਿਤ ਖੁਦ ਦਾ ਮਾਨਸਿਕ ਅਤੇ ਸਰੀਰਕ ਨੁਕਸਾਨ ਕਰ ਰਿਹਾ ਹੈ।

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਧਰਤੀ ਉੱਤੇ ਉਸ ਸਮੇਂ ਅਵਤਾਰ ਧਾਰਦੇ ਹਨ ਜਦੋਂ ਮਨੁੱਖਤਾ ਕੁਰਾਹੇ ਪਈ ਹੋਈ ਸੀ। ਉਹਨਾਂ ਦੇ ਪ੍ਰਗਟ ਹੋਣ 'ਤੇ ਹੀ ਭਾਈ ਗੁਰਦਾਸ ਜੀ ਇਹ ਸਪੱਸ਼ਟ ਕਰ ਦਿੰਦੇ ਹਨ ਕਿ ਇਸ ਮਹਾਂਪੁਰਖ ਦਾ ਪ੍ਰਭਾਵ ਪਰਮਾਤਮਾ ਦੁਆਰਾ ਸਾਜੀ ਕੁਦਰਤ ਕਿਸ ਤਰ੍ਹਾਂ ਕਬੂਲਦੀ ਹੈ। ਦੁਨੀਆਂ ਨੂੰ ਰਾਹੇ ਪਾਉਣ ਆਏ ਇਹ ਚਿੰਤਕ ਅਧਿਆਤਮਿਕ ਚਿੰਤਨ ਨਾਲ ਲਬਰੇਜ਼ ਦੁਨਿਆਵੀ ਕਰਮ-ਕਾਂਡ, ਜਬਰ-ਜ਼ੁਲਮ, ਠੱਗੀ

ਅਤੇ ਨਿਰਾਦਰ ਦੇ ਖਿਲਾਫ ਡਟਦੇ ਹੋਏ ਮਨੁੱਖਤਾ ਨੂੰ ਹੱਕ, ਸੱਚ 'ਤੇ ਡਟਣ ਅਤੇ ਕਿਰਤ ਕਰਨ ਵੱਲ ਪ੍ਰੇਰਦੇ ਹੋਏ ਫੋਕਟ ਕਰਮਕਾਂਡਾਂ, ਊਚ-ਨੀਚ-ਅਤੇ ਗੈਰ ਜਰੂਰੀ ਰਸਮਾਂ ਤੋਂ ਨਿਜ਼ਾਤ ਦਿਵਾਉਣ ਦਾ ਬੀੜਾ ਚੁੱਕਦੇ ਹਨ। ਗੁਰੂ ਸਾਹਿਬ ਕੁਰਾਹੇ ਪਈ ਮਨੁੱਖਤਾ ਲਈ ਚਾਨਣ-ਮੁਨਾਰਾ ਬਣ ਕੇ ਧਰਤੀ 'ਤੇ ਆਉਂਦੇ ਹਨ। ਇਸ ਸੰਦਰਭ ਵਿਚ ਭਾਈ ਗੁਰਦਾਸ ਆਪਣੀ ਪਹਿਲੀ ਵਾਰ ਵਿਚ ਵਖਿਆਨ ਕਰਦੇ ਹਨ:

'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣੁ ਹੋਆ।।
ਜਿਉ ਕਰਿ ਸੂਰਜ ਨਿਕਲਿਆ
ਤਾਰੇ ਛਪੇ ਅੰਧੇਰ ਪਲੋਆ।।[3] (ਵਾਰ ਪਹਿਲੀ, ਪਉੜੀ 27)

ਸਿੱਖ ਗੁਰੂ ਪਰੰਪਰਾ ਦੇ ਮੋਢੀ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪਾਵਨ ਬਾਣੀ ਦੇ ਪਹਿਲੇ ਬਾਣੀਕਾਰ ਨੇ ਜਪੁਜੀ ਸਾਹਿਬ, ਸਿਧ ਗੋਸਟਿ, ਆਸਾ ਦੀ ਵਾਰ, ਵਾਰ ਮਾਝ ਤੇ ਮਲਾਰ, ਪੱਟੀ, ਤੁਖਾਰੀ ਰਾਗ ਦਾ ਬਾਰਾਂਮਾਹ ਅਤੇ 20 ਰਾਗਾਂ ਵਿਚ ਸ਼ਬਦ ਤੇ ਸ਼ਲੋਕ ਰਚੇ ਹਨ। ਗੁਰੂ ਸਾਹਿਬ ਦੀ ਜ਼ਿਕਰਯੋਗ ਲਿਖਤ ਤੋਂ ਮਨੁੱਖੀ ਜੀਵਨ ਸ਼ੈਲੀ ਨੂੰ ਜੋ ਸੇਧ ਪ੍ਰਾਪਤ ਹੁੰਦੀ ਹੈ, ਉਸ ਦਾ ਕੋਈ ਸਾਨ੍ਹੀ ਨਹੀਂ ਹੈ।

ਪੇਪਰ ਦਾ ਵਿਸ਼ਾ **'ਗੁਰੂ ਨਾਨਕ ਬਾਣੀ ਵਿਚ ਕੁਦਰਤ:ਸਮਕਾਲੀ ਪ੍ਰਸੰਗਿਕਤਾ'** ਚੁਣਿਆ ਗਿਆ ਹੈ। ਆਮ ਗਿਆਨ ਤਹਿਤ ਦਿਖਦੇ ਪਾਸਾਰੇ ਦੀ ਸਿਰਜਣਾ ਕੁਦਰਤ ਹੈ। ਜੋ ਧਰਤੀ ਉੱਤੇ ਯੁੱਗਾਂ-ਯੁੱਗਾਂ ਤੋਂ ਵੱਖ-ਵੱਖ ਸੋਮਿਆਂ ਦੇ ਰੂਪ ਵਿਚ ਨਿਰਵਿਘਨ ਪ੍ਰਵਾਹਮਾਨ ਹੈ ਜਿਵੇਂ ਸੂਰਜ ਦੀ ਰੌਸ਼ਨੀ ਜਾਂ ਦਰਿਅਵਾਂ ਦਾ ਪਾਣੀ। ਭਾਵ ਧਰਤੀ ਦੀਆਂ ਉਹ ਨਿਆਮਤਾਂ ਜੋ ਅਮੁੱਕ ਖਜ਼ਾਨੇ ਦੇ ਰੂਪ ਵਿਚ ਮਨੁੱਖ ਨੂੰ ਪ੍ਰਾਪਤ ਹੋਈਆਂ ਹਨ ਅਤੇ ਉਹ ਇਨ੍ਹਾਂ ਦਾ ਸੁੱਖ ਮਾਣਦਾ ਹੈ। ਕੁਦਰਤ ਦੀ ਉਤਪਤੀ, ਇਸ ਦਾ ਰਚਨਹਾਰ ਜਾਂ ਇਹ ਕਦੋਂ ਤਕ ਹੋਂਦਸ਼ੀਲ ਹੈ? ਦਾਰਸ਼ਨਿਕ ਕਿਸਮ ਦੇ ਸੁਆਲ ਅਧਿਆਤਮਿਕ ਖੇਤਰ ਨਾਲ ਜਾ ਜੁੜਦੇ ਹਨ। ਇਨ੍ਹਾਂ ਵਿਚ ਕੁਦਰਤ ਨੂੰ ਕਲਾ, ਵਿਡਾਣੁ, ਅਤੇ ਅਸਚਰਜ ਤਮਾਸ਼ਾ ਕਿਹਾ ਗਿਆ ਹੈ। ਭਾਵ ਜੋ ਕੁਝ ਦਿਸ ਰਿਹਾ, ਸੁਣਿਆ ਆ ਰਿਹਾ ਹੈ, ਇਹ ਸਭ ਤੇਰੀ ਕਲਾ ਹੈ। ਇਸੇ ਤਰਾਂ ਕੁਦਰਤ ਨੂੰ ਤਾਕਤ, ਮਾਇਆ, ਕਰਤਾਰ ਦੀ ਰਚਨਾ ਸ਼ਕਤੀ ਕਿਹਾ ਹੈ।[4] ਇਸ ਦਿਸਦੀ ਸ੍ਰਿਸ਼ਟੀ ਨੂੰ ਰਚਣਵਾਲਾ ਕਾਦਰ ਆਪ ਹੈ। ਇਹ ਸੰਸਾਰ ਪਰਮਾਤਮਾ ਦੀ ਖੇਡ ਹੈ, ਪਹਿਲਾਂ ਖੁਦ ਨੂੰ ਸਾਜਿਆ ਅਤੇ ਫਿਰ ਕੁਦਰਤ ਰਚੀ, ਉਸ ਵਿਚ ਆਸਣ ਜਮਾ ਕੇ ਉਹ ਆਪ ਇਸ ਜਗਤ ਦਾ ਤਮਾਸ਼ਾ ਦੇਖਦਾ ਹੋਇਆ ਨਿਹਾਲ ਹੁੰਦਾ ਹੈ।[5] ਪ੍ਰਭੂ ਦੀ ਇਸ ਰਚਨਾ ਸੰਬੰਧੀ ਗੁਰੂ ਸਾਹਿਬ ਦੇ ਵਿਚਾਰ ਉਨ੍ਹਾਂ ਦੀ ਲਿਖਤ ਆਸਾ ਦੀ ਵਾਰ ਵਿਚ ਸਪੱਸ਼ਟ ਹੁੰਦੇ ਹਨ-

ਆਪੀਨੈ ਆਪੁ ਸਾਜਿਓ
ਆਪੀਨੈ੍ ਰਚਿਓ ਨਾਉ॥

ਦੁਯੀ ਕੁਦਰਤਿ ਸਾਜੀਐ
ਕਰਿ ਆਸਣੁ ਡਿਠੋ ਚਾਉ॥
ਦਾਤਾ ਕਰਤਾ ਆਪਿ ਤੂੰ
ਤੁਸਿ ਦੇਵਹਿ ਕਰਹਿ ਪਸਾਉ॥
ਤੂੰ ਜਾਣੋਈ ਸਭਸੈ
ਦੇ ਲੈਸਹਿ ਜਿੰਦੁ ਕਵਾਉ॥
ਕਰਿ ਆਸਣੁ ਡਿਠੋ ਚਾਉ॥[6]

ਗੁਰੂ ਸਾਹਿਬ ਨੇ ਇਕੋ ਇਕ ਅਪਾਰ ਸ਼ਕਤੀ ੧ਓ ਪਰਮਾਤਮਾ ਨੂੰ ਇਕ ਦੇ ਹਿੰਦਸੇ ਨਾਲ ਪਰਿਭਾਸ਼ਿਤ ਕੀਤਾ। ਇਹ ਗਿਆਨ ਉਪਲਬਧ ਕਰਵਾਇਆ ਕਿ ਸਾਰੀ ਕਾਇਨਾਤ ਉਸ ਇਕੋ-ਇਕ ਅਪਾਰ ਸ਼ਕਤੀ ਦੇ ਹੁਕਮ ਨਾਲ ਆਪਣੀ ਭੂਮਿਕਾ ਨਿਭਾ ਰਹੀ ਹੈ। ਹੁਕਮ ਅਨੁਸਾਰ ਚੱਲਣ ਦੇ ਯਤਨ ਨਾਲ ਹੀ ਸਚਿਆਰ ਦੇ ਰਸਤੇ ਉੱਤੇ ਚੱਲਿਆ ਜਾ ਸਕਦਾ ਹੈ। ਗੁਰੂ ਸਾਹਿਬ ਜਪੁਜੀ ਸਾਹਿਬ ਵਿਚ ਫਰਮਾਉਂਦੇ ਹਨ-

ਕਿਵ ਸਚਿਆਰਾ ਹੋਈਐ
ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ
ਨਾਨਕ ਲਿਖਿਆ ਨਾਲਿ॥[7]

ਕਾਦਰ ਦੇ ਕੁਦਰਤੀ ਸਰੂਪ ਅਨੁਸਾਰ ਹੁਕਮ ਵਿਚ ਬੱਝ ਕੇ ਚੱਲਣਹਾਰ ਜੀਵਨ ਹੀ ਸਚਿਆਰੇ ਹੋਣ ਦੀ ਮੰਜ਼ਿਲ ਸਰ ਕਰ ਸਕਦਾ ਹੈ। ਗੁਰੂ ਸਾਹਿਬ ਦੀ ਦੂਰ-ਦ੍ਰਿਸ਼ਟੀ ਕੁਦਰਤ ਦੇ ਸੰਕਲਪ ਨੂੰ ਦਰਸਾਉਂਦੀ ਹੈ। ਪੂਰਵ ਵੈਦਿਕ ਅਤੇ ਵੈਦਿਕ ਕਾਲ ਵਿਚ ਕੁਦਰਤ ਦੇ ਵੱਖ-ਵੱਖ ਸੋਮਿਆਂ ਨੂੰ ਅਪੁੰਹਚ ਸ਼ਕਤੀ ਮੰਨ ਕੇ ਪੂਜਿਆ ਜਾਂਦਾ ਰਿਹਾ ਹੈ। ਮਨੁੱਖ ਇਨ੍ਹਾਂ ਸ਼ਕਤੀਆਂ ਨੂੰ ਆਪਣੇ ਤੋਂ ਬਲਵਾਨ ਮੰਨ ਕੇ ਇਨ੍ਹਾਂ ਤੋਂ ਡਰਦਾ ਸੀ। ਪੌਣ-ਪਾਣੀ, ਅਗਨੀ, ਬਿਜਲੀ, ਸੂਰਜ, ਚੰਦ, ਅਤੇ ਧਰਤੀ ਸਭ ਪੂਜਣਯੋਗ ਸਨ। ਜਲ, ਥਲ, ਆਕਾਸ਼ ਭਾਵ ਤਿੰਨਾਂ ਭਵਨਾਂ ਵਿਚ ਚੌਰਾਸੀ ਲੱਖ ਜੂਨਾਂ ਨੂੰ ਨਿਰੰਕਾਰ ਪ੍ਰਭੂ ਨੇ ਬਣਾਇਆ ਹੈ। ਕਰੋੜਾਂ ਬ੍ਰਹਿਮੰਡਾਂ ਤੇ ਕਰੋੜਾਂ ਮੀਲਾਂ ਦੇ ਪਾਸਾਰੇ ਨੂੰ ਸੰਭਾਲਦਾ ਹੈ। ਭਾਵ ਉਹ ਇਸ ਪਾਸਾਰ ਦਾ ਪਾਲਣਹਾਰ ਹੈ। ਫਿਰ ਇਸ ਪਾਸਾਰੇ ਦੇ ਰੋਮ-ਰੋਮ ਵਿਚ ਵਸਿਆ ਹੋਇਆ ਹੈ। ਹਰ ਪੈਦਾ ਕੀਤੇ ਜੀਵ ਦੇ ਸਿਰ ਉਪਰ ਪਰਮਾਤਮਾ ਦਾ ਹੁਕਮ ਨਿਸਚਿਤ ਹੈ। ਆਪ ਹੁਕਮ ਰਹਿਤ ਰਹਿੰਦਾ ਹੈ। ਪਰਮਾਤਮਾ ਦੇ ਇਸ ਵਰਤਾਓ ਨੂੰ ਉਸ ਦੀ ਸਾਜੀ ਸ੍ਰਿਸ਼ਟੀ ਦੁਆਰਾ ਵਿਚਾਰ ਸਕਣਾ ਸੰਭਵ ਹੈ। ਭਾਈ ਗੁਰਦਾਸ ਜੀ ਅੱਠਵੀਂ ਵਾਰ ਵਿਚ ਕਰਤਾ ਪੁਰਖ ਦੀ ਸ੍ਰਿਸ਼ਟੀ-ਰਚਨਾ ਦਾ ਜ਼ਿਕਰ ਕਰਦੇ ਹਨ-

ਚਉਰਾਸੀ ਲਖਜੋਨਿ ਵਿਚ ਜਲਥਲ ਮਹੀਅਲ ਤ੍ਰਿਭਵਣ ਸਾਰਾ॥
ਇਕਸ ਇੱਕਸ ਜੋਨਿ ਵਿਚ ਜੀਅ ਜੰਤ ਅਨਗਣਤ ਅਪਾਰਾ॥
ਸਾਸ ਗਿਰਾਸ ਸਮ੍ਾਲਦਾ ਕਰ ਬ੍ਰਹਮੰਡ ਕਰੋੜ ਸ਼ੁਮਾਰਾ॥
ਰੋਮ ਰੋਮ ਵਿੱਚ ਰਖਿਓਨ ਓਅੰਕਾਰ ਅਕਾਰ ਵਿਥਾਰਾ॥
ਸਿਰਿ ਸਿਰਿ ਲੇਖ ਅਲੇਖ ਦਾ ਲੇਖ ਅਲੇਖ ਉਪਾਵਣਹਾਰਾ॥
ਕੁਦਰਤਿ ਕਵਣੁ ਕਰੈ ਵੀਚਾਰਾ॥[8]

ਗੁਰੂ ਸਾਹਿਬ ਅਜਿਹੇ ਭਰਮ-ਭੁਲੇਖਿਆਂ ਤੋਂ ਮੁਕਤ ਮਨੁੱਖੀ ਜੀਵਨ ਦੀ ਕਾਮਨਾ ਤਹਿਤ ਕੁਦਰਤੀ ਸੋਮਿਆਂ ਨੂੰ ਅਲਾਪ ਕਰਦਿਆਂ ਨਿਹਾਰਦੇ ਹਨ। ਗੁਰੂ ਸਾਹਿਬ ਦੇ ਜ਼ਿਕਰ ਅਨੁਸਾਰ ਕਈ ਖੰਡ, ਮੰਡਲ ਅਤੇ ਬ੍ਰਹਿਮੰਡ ਹਨ। ਅਨੇਕ ਪ੍ਰਕ੍ਰਿਤਕ ਸ਼ਕਤੀਆਂ ਪਰਮ ਸ਼ਕਤੀ ਦੀ ਰਚਨਾ ਤਹਿਤ ਹੋਂਦਸ਼ੀਲ ਹਨ। ਗੁਰੂ ਨਾਨਕ ਸਾਹਿਬ ਆਪਣੀ ਪ੍ਰਥਮ ਸ਼੍ਰੋਮਣੀ ਬਾਣੀ ਜਪੁਜੀ ਸਾਹਿਬ ਵਿਚ ਇਸ ਦਾ ਵਰਣਨ ਕਰਦੇ ਹਨ-

ਕੇਤੇ ਪਵਣ ਪਾਣੀ ਵੈਸੰਤਰ
ਕੇਤੇ ਕਾਨ ਮਹੇਸ॥
ਕੇਤੇ ਬਰਮੇ ਘਾੜਤਿ ਘੜੀਅਹਿ
ਰੂਪ ਰੰਗ ਕੇ ਵੇਸ॥
ਕੇਤੀਆ ਕਰਮ ਭੂਮੀ ਮੇਰ
ਕੇਤੇ ਕੇਤੇ ਧੂ ਉਪਦੇਸ॥
ਕੇਤੇ ਇੰਦ ਚੰਦ ਸੂਰ ਕੇਤੇ
ਕੇਤੇ ਮੰਡਲ ਦੇਸ॥[9]

ਗੁਰੂ ਸਾਹਿਬ ਦੀ ਅਧਿਆਤਮਿਕ ਬਿਰਤੀ ਅਨੁਸਾਰ ਇਸ ਦਿਸਦੇ ਅਤੇ ਅਣਦਿਸਦੇ ਪਾਸਾਰੇ ਦਾ ਕਾਰ-ਵਿਹਾਰ ਨਿਯਮਬੱਧ ਢੰਗ ਵਿਚ ਹੋ ਰਿਹਾ ਹੈ। ਉਹਨਾਂ ਨੇ ਕਾਦਰ ਦੀ ਸਾਜੀ ਹੋਈ ਸ੍ਰਿਸ਼ਟੀ ਨੂੰ ਅਸੀਮ ਸਿਰਜਣਹਾਰ ਦੀ ਸੀਮਾ ਵਿਚ ਸਥਾਨ ਗ੍ਰਹਿਣ ਕਰਦਿਆਂ ਕਾਰਜ ਕਰਦੇ ਦਿਖਾਇਆ ਹੈ। 'ਆਸਾ ਦੀ ਵਾਰ' ਵਿਚ ਇਕ ਥਾਂ ਗੁਰੂ ਜੀ ਨੇ 'ਭੈ' ਸ਼ਬਦ ਵਰਤਿਆ ਹੈ। ਇੱਥੇ ਭੈ ਸ਼ਬਦ ਆਪਣੇ ਸਾਧਾਰਨ ਅਰਥ ਡਰ ਨਾਲ ਸੰਬੰਧ ਨਹੀਂ ਰੱਖਦਾ ਸਗੋਂ ਰਚਨਹਾਰੇ ਪਰਮਾਤਮਾ ਦੇ ਅਨੁਸਾਰੀ ਹੋ ਕੇ ਚੱਲਣ ਦੇ ਪ੍ਰਸੰਗ ਨੂੰ ਬਿਆਨ ਕਰਦਾ ਹੈ-

ਭੈ ਵਿਚਿ ਪਵਣੁ ਵਹੈ ਸਦਵਾਉ॥
ਭੈ ਵਿਚਿ ਚਲਹਿ ਲਖ ਦਰੀਆਉ॥
ਭੈ ਵਿਚ ਅਗਨਿ ਕਢੈ ਵੇਗਾਰਿ॥

ਭੈ ਵਿਚ ਧਰਤੀ ਦਬੀ ਭਾਰਿ॥
ਭੈ ਵਿਚਿ ਸੂਰਜ ਭੈ ਵਿਚਿ ਚੰਦ॥
ਕੋਹ ਕਰੋੜੀ ਚਲਤੁ ਨਾ ਅੰਤ॥[10]

ਗੁਰੂ ਸਾਹਿਬ ਨੂੰ ਕੁਦਰਤ ਦੇ ਸੋਮੇ ਆਪਣੇ ਸਿਰਜਣਹਾਰ ਦੀ ਵੰਦਨਾ ਕਰਦੇ ਪ੍ਰਤੀਤ ਹੁੰਦੇ ਹਨ। ਕਿਤੇ ਉਹ ਆਰਤੀ ਕਰਦਿਆਂ ਧਰਤੀ ਅਤੇ ਆਕਾਸ਼ ਨੂੰ ਰੁਝਿਆ ਹੋਇਆ ਦੱਸਦੇ ਹਨ। ਪੌਣ, ਪਾਣੀ ਅਤੇ ਧਰਤੀ ਕਰਤਾ ਪੁਰਖ ਦੀ ਵਡਿਆਈ ਵਿਚ ਕਾਰਜਸ਼ੀਲ ਹੈ। ਇਸ ਦੀ ਪ੍ਰੋੜਤਾ ਉਹਨਾਂ ਦੀਆਂ ਸਦੀਆਂ ਤੋਂ ਮਨੁੱਖੀ ਜ਼ੁਬਾਨ 'ਤੇ ਘਰ ਕਰ ਗਈਆਂ ਤੁਕਾਂ ਵਿਚੋਂ ਹੁੰਦੀ ਹੈ ਅਤੇ ਇਨ੍ਹਾਂ ਤੁਕਾਂ ਨੂੰ ਪੜ੍ਹ, ਸੁਣ ਅਤੇ ਗਾ ਕੇ ਮਨ ਸਹਿਜ ਅਵਸਥਾ ਵਿਚ ਟਿਕ ਜਾਂਦਾ ਹੈ। ਭਾਵ ਮਨੁੱਖ ਅੰਦਰ ਸਬਰ, ਸੰਤੋਖ ਅਤੇ ਨਿਮਰਤਾ ਦੇ ਭਾਵ ਅਜਿਹੀ ਕੁਦਰਤ ਨਾਲ ਸਾਂਝ ਪਾਉਣ ਵਾਲੀ ਬਾਣੀ ਜ਼ਰੀਏ ਪੈਦਾ ਹੁੰਦੇ ਹਨ। ਇਸ ਸੰਬੰਧ ਵਿਚ ਕੁਝ ਤੁਕਾਂ ਹਵਾਲੇ ਵਜੋਂ ਦਰਜ ਹਨ-

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥[11]

ਗੁਰੂ ਸਾਹਿਬ ਨੇ ਸ਼੍ਰੋਮਣੀ ਬਾਣੀ ਜਪੁਜੀ ਸਾਹਿਬ ਦੇ ਸ਼ਲੋਕ ਵਿਚ ਪੌਣ ਦੀ ਸੰਘਿਆ ਗੁਰੂ ਭਾਵ ਉਪਦੇਸ਼ਕ ਦੇ ਰੂਪ ਵਿਚ, ਪਾਣੀ ਦੀ ਸੰਘਿਆ ਜੀਵ-ਪਿਤਾ, ਭਾਵ ਜੀਵਨ ਦੇਣ ਵਾਲੇ ਦੇ ਰੂਪ ਵਿਚ ਅਤੇ ਧਰਤੀ ਨੂੰ ਮਹਾਨ ਮਾਤਾ ਦਾ ਦਰਜਾ ਦਿੱਤਾ ਹੈ। ਦਿਨ-ਰਾਤ ਦੋਵੇਂ ਖਿਡਾਵੇ ਹਨ ਜਿਸ ਦੀ ਗੋਦ ਵਿਚ ਸਾਰਾ ਸੰਸਾਰ ਖੇਡ ਰਿਹਾ ਹੈ। ਧਰਮਰਾਜ ਪਰਮਾਤਮਾ ਦੀ ਹਜ਼ੂਰੀ ਵਿਚ ਸਭ ਜੀਵਾਂ ਦੇ ਕੀਤੇ ਚੰਗੇ-ਮਾੜੇ ਕੰਮਾਂ ਦੀ ਪੜਤਾਲ ਕਰਦਾ ਹੈ। ਆਪੋ-ਆਪਣੇ ਕੰਮਾਂ ਅਨੁਸਾਰ ਕਈ ਜੀਵ ਪਰਮਾਤਮਾ ਦੇ ਨੇੜੇ ਆ ਜਾਂਦੇ ਹਨ ਅਤੇ ਕਈ ਦੂਰ ਹੋ ਜਾਂਦੇ ਹਨ। ਜਿਹੜੇ ਜੀਵ ਪਰਮਾਤਮਾ ਅਨੁਸਾਰੀ ਹਨ ਉਹ ਆਪਣੀ ਮਿਹਨਤ ਸਫਲ ਕਰ ਜਾਂਦੇ ਹਨ। ਭਾਵ ਉਹ ਪਰਮਾਤਮਾ ਦੇ ਦਰ 'ਤੇ ਉੱਜਲ ਮੁੱਖ ਵਾਲੇ ਕਹਾਉਂਦੇ ਹਨ। ਉਹਨਾਂ ਦੀ ਸੰਗਤ ਨਾਲ ਹੋਰ ਜੀਵ ਵੀ ਤਰ ਜਾਂਦੇ ਹਨ-

ਪਵਣੁ ਗੁਰੂ ਪਾਣੀ ਪਿਤਾ
ਮਾਤਾ ਧਰਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥
ਚੰਗਿਆਈਆਂ ਬੁਰਿਆਈਆਂ
ਵਾਚੈ ਧਰਮੁ ਹਦੂਰਿ॥
ਕਰਮੀ ਆਪੋ ਆਪਣੀ
ਕੇ ਨੇੜੈ ਕਿ ਦੂਰਿ॥

ਜਿਨੀ ਨਾਮੁ ਧਿਆਇਆ
ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ
ਕੇਤੀ ਛੁਟੀ ਨਾਲਿ॥[12]

ਗੁਰੂ ਸਾਹਿਬ ਦੀ ਵਿਚਾਰਧਾਰਾ ਕੁਦਰਤ ਦੇ ਵਰਤਾਰੇ ਨੂੰ ਆਧਾਰ ਬਣਾਉਂਦੀ ਹੈ। ਸਭ ਤੋਂ ਪਹਿਲਾਂ ਤਾਂ ਪਰਮਾਤਮਾ, ਰੱਬ, ਅੱਲਾਹ, ਵਾਹਿਗੁਰੂ ਦੇ ਵੱਖ-ਵੱਖ ਨਾਮ ਨੂੰ ਇਕ ਧਾਗੇ ਵਿਚ ਪਰੋ ਦੇਣ ਵਾਲਾ ਸੰਕਲਪ ਗੁਰੂ ਜੀ ਦੀ ਇਕ ਬਿਰਤੀ ਦਾ ਸਬੂਤ ਹੈ। ਇਸ ਉਪਰੰਤ ਜੀਵ ਜਗਤ ਦੇ ਪਾਸਾਰੇ ਦਾ ਸਿਰਜਣਹਾਰ ਇਕੋ ਇਕ ਪਰਮ ਸ਼ਕਤੀ ਪਰਮਾਤਮਾ ਨੂੰ ਪਰਿਭਾਸ਼ਿਤ ਕਰਦਿਆਂ ਗੁਰੂ ਜੀ ਪਰਮਾਤਮਾ ਦੇ ਜਗਤ, ਬ੍ਰਹਿਮੰਡਕ ਪਾਸਾਰੇ ਵਿਚੋਂ ਉਦਹਾਰਨ ਦਿੰਦੇ ਹਨ। ਆਤਮਾ ਰੂਪੀ ਜੀਵ ਪਰਮਾਤਮਾ ਤੋਂ ਵੱਖ ਹੋ ਕੇ ਜੀਵ-ਇਸਤਰੀ ਰੂਪ ਵਿਚ ਕਿਹੋ ਜਿਹੀ ਹਾਲਤ ਨੂੰ ਹੰਢਾਉਂਦਾ ਹੈ। ਇਸ ਗੱਲ ਦੀ ਪੁਸ਼ਟੀ 'ਬਾਰਾਮਾਂਹ ਤੁਖਾਰੀ' ਵਿਚ ਦਰਜ ਬਾਰਾਂ ਦੇਸੀ ਮਹੀਨਿਆਂ ਨੂੰ ਆਧਾਰ ਬਣਾਉਂਦਿਆਂ ਕੀਤੀ ਗਈ ਹੈ-

ਸਾਵਣ ਸਰਸ ਮਨਾ ਘਣ
ਵਰਸਹਿ ਰੁਤਿ ਆਏ॥
ਮੈ ਮਨਿ ਤਨਿ ਸਹੁ
ਭਾਵੈ ਪਿਰ ਪਰਦੇਸਿ ਸਿਧਾਏ॥
ਪਿਰ ਘਰ ਨਹੀ ਆਵੈ
ਮਰੀਐ ਹਾਵੈ॥
ਦਾਮਨਿ ਚਮਕਿ ਡਰਾਏ॥[13]

ਨਾਨਕ ਪ੍ਰਿਉ ਪਿਉ ਚਵੈ ਬਬੀਹਾ ਕੋਕਿਲ ਸਬਦਿ ਸੁਹਾਵੈ॥[14]

ਗੁਰੂ ਸਾਹਿਬ ਪਰਮ ਸ਼ਕਤੀ ਪਰਮਾਤਮਾ ਦੀ ਰਚਾਈ ਜਗਤ ਖੇਡ ਤੋਂ ਕੁਰਬਾਨ ਜਾਂਦੇ ਹਨ। ਗੁਰੂ ਜੀ ਅਨੁਸਾਰ ਕੁਦਰਤੀ ਪਾਸਾਰ, ਜੀਵ ਅਤੇ ਸਿਰਜਣਹਾਰ ਪਰਮਾਤਮਾ ਨੂੰ ਇਸ ਪਾਸਾਰ ਵਿਚ ਰਮਿਆ ਹੋਇਆ ਹੈ । ਕਹਿਣ ਤੋਂ ਭਾਵ ਇਸ ਸ੍ਰਿਸ਼ਟੀ ਦੀ ਸਾਜਨਾ ਵਿਚ ਹੀ ਪਰਮਾਤਮਾ ਦੇ ਸੱਚੇ ਆਕਾਰ ਨੂੰ ਜਾਣਿਆ ਜਾਣਾ ਸੰਭਵ ਹੈ। ਲੋੜ ਸੋਝੀ ਦੀ ਹੈ, ਰਚਨਾਕਾਰ ਆਪ ਆਪਣੀ ਸਾਜੀ ਖੇਡ ਵਿਚ ਹੀ ਵਸਿਆ ਹੋਇਆ ਹੈ। ਇਸ ਪ੍ਰਸੰਗ ਵਿਚ ਗੁਰੂ ਜੀ ਦੀ ਬਾਣੀ ਰਚਨਾ ਕਾਦਰ ਅਤੇ ਕੁਦਰਤ ਦੇ ਅੰਤਰ-ਸੰਬੰਧ ਵੱਲ ਇਸ਼ਾਰਾ ਕਰਦੀ ਹੈ-

ਬਲਿਹਾਰੀ ਕੁਦਰਤਿ ਵਸਿਆ॥
ਤੇਰਾ ਅੰਤੁ ਨ ਜਾਈ ਲਖਿਆ॥

ਜਾਤਿ ਮਹਿ ਜੋਤਿ
ਜੋਤਿ ਮਹਿ ਜਾਤਾ॥
ਅਕਲ ਭਰਪੂਰਿ ਰਹਿਆ॥[15]

ਕੁਦਰਤ ਦੇ ਸੋਮਿਆਂ ਨੂੰ ਜਿਥੇ ਧਰਤੀ ’ਤੇ ਜਨਮ ਲੈਣ ਵਾਲੇ ਜੀਵਾਂ ਦੇ ਜੀਵਨ ਲਈ ਜਰੂਰੀ ਕਰਾਰ ਦਿੱਤਾ ਗਿਆ ਹੈ। ਉਥੇ ਗੁਰੂ ਸਾਹਿਬ ਇਨ੍ਹਾ ਸੋਮਿਆਂ ਨੂੰ ਮਨੁੱਖ ਅੰਦਰ ਨੈਤਿਕ ਕਦਰਾਂ-ਕੀਮਤਾਂ ਨੂੰ ਜਗਾਉਣ ਹਿਤ ਇਸ ਦਿਖਦੇ, ਅਣ-ਦਿਖਦੇ ਪਾਸਾਰੇ ਵੱਲ ਇਸ਼ਾਰਾ ਕਰਦੇ ਹਨ ਜੋ ਉਹਨਾਂ ਦੇ ਪ੍ਰਕਿਰਤੀ ਚਿਤਰਣ ਦੀਆਂ ਲਾਜਵਾਬ ਧਾਰਨਾਵਾਂ ਹਨ। ਇੱਥੇ ਗੁਰੂ ਸਾਹਿਬ ਮਨੁੱਖ ਨੂੰ ਨਿਮਰਤਾ ਧਾਰਨ ਕਰਨ ਲਈ ਪ੍ਰੇਰਦੇ ਹੋਏ, ਸਿੰਬਲ ਦੇ ਰੁੱਖ ਦੀ ਸੱਚਾਈ ਤੋਂ ਜਾਣੂ ਕਰਵਾਉਂਦੇ ਹਨ ਜਿਸ ਨਾਲ ਕੁਦਰਤ ਦਾ ਬਿੰਬਾਤਮਕ ਚਿਤਰਨ ਇਕ ਮਿਸਾਲ ਦੇ ਰੂਪ ਵਿਚ ਹੁੰਦਾ ਹੈ-

ਸਿੰਮਲ ਰੁਖੁ ਸਰਾਇਰਾ
ਅਤਿ ਦੀਰਘ ਅਤਿ ਮੁਚੁ॥
ਓਇ ਜਿ ਆਵਹਿ ਆਸ ਕਰਿ
ਜਾਹਿ ਨਿਰਾਸੇ ਕਿਤੁ॥
ਫਲ ਫਿਕੇ ਫੁਲ ਬਕਬਕੇ
ਕੰਮਿ ਨ ਆਵਹਿ ਪਤੁ॥
ਮਿਠਤੁ ਨੀਵੀ ਨਾਨਕਾ
ਗੁਣ ਚੰਗਿਆਈਆ ਤਤੁ॥[16]

**ਸਮਕਾਲੀ ਪ੍ਰਸੰਗਿਕਤਾ:**

ਗੁਰੂ ਨਾਨਕ ਸਾਹਿਬ ਦੀ ਬਾਣੀ ਮਨੁੱਖ ਦੀ ਰੂਹ ਨੂੰ ਚੇਤਨਤਾ ਪ੍ਰਦਾਨ ਕਰਨ ਵਾਲੀ ਵਿਚਾਰਧਾਰਾ ਨਾਲ ਭਰਪੂਰ ਹੈ। ਬਾਣੀ ਦਾ ਇਕ-ਇਕ ਸ਼ਬਦ ਸੇਧ ਦਿੰਦਾ ਹੈ। ਇਸ ਇਲਾਹੀ ਬਾਣੀ ਵਿਚ ਸਾਰਥਿਕ ਜੀਵਨ ਜਾਚ ਨੂੰ ਅਪਨਾਉਣ ਦਾ ਸੁਨੇਹਾ ਦੇਣ ਹਿਤ ਕਾਦਰ ਦੀ ਸਿਰਜੀ ਕੁਦਰਤ ਨੂੰ ਆਧਾਰ ਬਣਾਇਆ ਹੈ। ਗੁਰੂ ਨਾਨਕ ਬਾਣੀ ਨੂੰ ਆਧਾਰ ਬਣਾ ਕੇ ਵਰਤਮਾਨ ਦੇ ਪਦਾਰਥਵਾਦੀ ਯੁੱਗ ਵਿਚ ਕੁਦਰਤ ਦੇ ਵਰਤਾਰੇ ਵਿਚ ਆ ਰਹੇ ਬਦਲਾਵ ਨੂੰ ਜਾਣਿਆ ਜਾ ਸਕਦਾ ਹੈ। ਅੱਜ ਦੇ ਮਨੁੱਖ ਨੇ ਆਪਣੇ-ਆਪ ਨੂੰ ਬੇਲੋੜੀਆਂ ਲਾਲਸਾਵਾਂ ਵਿਚ ਜਕੜ ਲਿਆ ਹੈ। ਅੱਜ ਹਵਾ,ਪਾਣੀ ਅਸ਼ੁੱਧ ਹੋ ਚੁੱਕੇ ਹਨ, ਜਿਸ ਵਿਚ ਮਨੁੱਖ ਖੁੱਲ ਕੇ ਸਾਹ ਲੈਣ ਵਿਚ ਅਸਮਰੱਥ ਹੋ ਰਿਹਾ ਹੈ। ਓਜੋਨ ਪਰਤ ਵਿਚ ਹੋ ਚੁੱਕੇ ਮਘੋਰੇ, ਮਨੁੱਖ ਨੂੰ ਵੰਨ-ਸੁਵੰਨੀਆਂ ਬਿਮਾਰੀਆਂ ਦਾ ਸ਼ਿਕਾਰ ਬਣਾ ਰਹੇ ਹਨ। ਗੁਰੂ ਸਾਹਿਬ ਨੇ ਪਵਨ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦਿੰਦਿਆਂ ਹੋਇਆਂ

ਕੁਦਰਤ ਦੇ ਇਨ੍ਹਾਂ ਸੋਮਿਆਂ ਦੀ ਮਨੁੱਖ ਦੇ ਜੀਵਨ ਵਿਚਲੀ ਅਹਿਮੀਅਤ ਨੂੰ ਵਡੱਪਣ ਦਾ ਦਰਜਾ ਦਿੱਤਾ ਹੈ। ਮਨੁੱਖ ਦੀ ਹਰੇਕ ਜਰੂਰਤ ਧਰਤੀ ਵਿਚੋਂ ਪੈਦਾ ਹੁੰਦੀ ਹੈ। ਕਾਇਨਾਤ ਦੇ ਮਹੱਤਵ ਨੂੰ ਪਹਿਚਾਣਦੇ ਹੋਏ ਗੁਰੂ ਸਾਹਿਬ ਫਰਮਾਉਂਦੇ ਹਨ-

'ਪਵਨ ਗੁਰੂ ਪਾਣੀ ਪਿਤਾ
ਮਾਤਾ ਧਰਤੁ ਮਹਤੁ।।
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲੁ ਜਗਤੁ।।
ਚੰਗਿਆਈਆਂ ਬੁਰਿਆਈਆਂ ਵਾਚੈ ਧਰਮੁ ਹਦੂਰਿ।।'[17]

ਅਜੋਕਾ ਮਨੁੱਖ 21ਵੀਂ ਸਦੀ ਵਿਚੋਂ ਲੰਘ ਰਿਹਾ ਹੈ। ਵਿਗਿਆਨਕ ਅਤੇ ਇੰਟਰਨੈੱਟ ਯੁੱਗ ਵਿਚ ਵਿਚਰ ਰਿਹਾ ਅੱਜ ਦਾ ਮਾਨਵ ਮਸਨੂਈ ਸੁਖ-ਸਹੂਲਤਾਂ ਨਾਲ ਲਬਰੇਜ਼ ਆਰਾਮਦਾਇਕ ਜੀਵਨ ਬਿਤਾ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁੱਖ ਨੇ ਬਹੁਤ ਵੱਡੀਆਂ ਉਪਲਬਧੀਆਂ ਪ੍ਰਾਪਤ ਕਰ ਲਈਆਂ ਹਨ। ਪਰੰਤੂ ਉਹ ਕਰਤਾ ਪੁਰਖ ਦੀ ਰਚੀ ਬੇਅੰਤ ਰਚਨਾ ਨੂੰ ਅਜੇ ਤੱਕ ਸੰਪੂਰਨ ਰੂਪ ਵਿਚ ਨਹੀਂ ਜਾਣ ਸਕਦਾ। ਪਰਮਾਤਮਾ ਦੀ ਬਣਾਈ ਅਸੀਮ ਕਾਇਨਾਤ ਨੂੰ ਪੂਰਨ ਰੂਪ ਵਿਚ ਜਾਣਨ ਲਈ ਉਸ ਦੀ ਬੁੱਧੀ ਤੁੱਛ ਹੈ। ਕੁਦਰਤ ਦੇ ਮਹੱਤਵ ਨੂੰ ਜਾਣਨ-ਬੁੱਝਣ ਵਿਚ ਅਸਮਰੱਥ ਮਨੁੱਖ ਗੁਰੂ ਸਾਹਿਬਾਨਾਂ ਦੁਆਰਾ ਸੁਝਾਈ ਬਾਣੀ 'ਬਲਿਹਾਰੀ ਕੁਦਰਤ ਵਸਿਆ, ਤੇਰਾ ਅੰਤ ਨਾ ਜਾਈ ਲਖਿਆ' ਜਿਹੀ ਉੱਚ-ਪਾਏ ਦੀ ਸੂਝ ਤੋਂ ਦੂਰ ਜਾ ਰਿਹਾ ਹੈ। ਅੱਜ ਦਾ ਮਨੁੱਖ ਗੰਧਲੇ ਪਾਣੀਆਂ ਦੀ ਧਰਤੀ 'ਤੇ ਮਸ਼ੀਨਾਂ ਨਾਲ ਫਿਲਟਰ ਕੀਤਾ ਪਾਣੀ ਪੀਣ ਲਈ ਮਜਬੂਰ ਹੈ। ਕੈਮੀਕਲ ਯੁਕਤ ਖਾਣ ਵਾਲੇ ਪਦਾਰਥ ਮਨੁੱਖ ਬੀਮਾਰੀਆਂ ਨੂੰ ਸੱਦਾ ਦੇ ਰਹੇ ਹਨ। ਚੌਵੀ ਘੰਟਿਆਂ ਦੇ ਗੇੜ ਵਿਚ ਬੱਝੇ ਕੁਦਰਤ ਦੇ ਨਿਯਮ ਮਨੁੱਖ ਦੇ ਕੀਤੇ ਦੁਰ-ਉਪਯੋਗ ਉਲਟ ਦਿਸ਼ਾ ਵਿਚ ਵਹਿ ਰਹੇ ਹਨ। ਅੱਜ ਦੀ ਮਨੁੱਖਤਾ ਨੂੰ ਧਰਤੀ 'ਤੇ ਹੜਾਂ, ਸੋਕਿਆਂ ਦੀ ਮਾਰ ਝੱਲਣੀ ਪੈ ਰਹੀ ਹੈ। ਮਨੁੱਖ ਬਾਹਰੀ ਸੁਖ ਵਧਾਉਂਦਾ ਹੋਇਆ ਅੰਦਰੂਨੀ ਸੁਖ-ਚੈਨ ਗਵਾ ਕੇ ਭਟਕਣ ਦਾ ਸ਼ਿਕਾਰ ਹੋਇਆ ਪ੍ਰਤੀਤ ਹੁੰਦਾ ਹੈ। ਪੈਸਾ ਕਮਾ ਕੇ ਵੀ ਖੁਸ਼ੀਆਂ ਖਰੀਦਣ ਦਾ ਮੁੱਲ ਅਦਾ ਨਹੀਂ ਹੋ ਰਿਹਾ। ਅੱਜ ਇੰਟਰਨੈੱਟ ਨੇ ਦੁਨੀਆਂ ਮੁੱਠੀ ਵਿਚ ਜਰੂਰ ਕਰ ਦਿੱਤੀ ਹੈ ਪ੍ਰੰਤੂ ਇਨਸਾਨੀ ਰਿਸ਼ਤਿਆਂ ਵਿਚ ਦੂਰੀਆਂ ਵਧਾ ਦਿੱਤੀਆਂ ਹਨ। ਪਦਾਰਥਵਾਦੀ ਯੁੱਗ ਅੰਦਰ ਵਸਤਾਂ ਨਾਲ ਭਰਿਆ-ਭਕੁੰਨਾ ਮਨੁੱਖ ਇਕਲਾਪਾ ਹੰਢਾ ਰਿਹਾ ਹੈ। 'ਕਾਦਰ' ਦੀ ਕੁਦਰਤ ਦੀਆਂ ਬਖਸ਼ੀਆਂ ਨਿਆਮਤਾਂ ਵਿਚੋਂ ਪੰਜ ਤੱਤਾਂ ਨਾਲ ਬਣੇ ਮਨੁੱਖ ਨੂੰ ਗੁਰੂਆਂ ਦੀ ਸੁਝਾਈ ਇਲਾਹੀ ਗੁਰਬਾਣੀ ਵਿਚਲੀ ਜੀਵਨ-ਜਾਚ ਨੂੰ ਅਪਨਾਉਣ ਦੀ ਅਤਿਅੰਤ ਜਰੂਰਤ ਹੈ। ਕਿਉਂ ਜੋ ਇਸ ਜੀਵਨ ਜਾਚ ਵਿਚ ਕੁਦਰਤ ਦੀ ਵਿਸ਼ਾਲਤਾ, ਬੇਅੰਤਤਾ ਅਤੇ ਮਨੁੱਖਤਾ ਲਈ ਕੁਦਰਤੀ ਵਰਤਾਰੇ ਅਨੁਸਾਰੀ ਹੋ ਕੇ ਚੱਲਣ ਦੇ ਜੋ ਨਿਯਮ ਸੁਝਾਏ ਹਨ,

ਉਨ੍ਹਾ ਨੂੰ ਅਜੋਕੇ ਜੀਵਨ ਵਿਹਾਰ ਵਿੱਚ ਲਾਗੂ ਕਰਨ ਦੀ ਅਤਿਅੰਤ ਜ਼ਰੂਰਤ ਭਾਸਦੀ ਹੈ। ਇਸੇ ਕਰਕੇ ਮਨੁੱਖੀ ਜੀਵਨ ਵਿੱਚ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦੀ ਪ੍ਰਸੰਗਿਕਤਾ ਸਦਾ ਕਾਇਮ ਰਹੇਗੀ।

## ਹਵਾਲੇ

[1] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 469

[2] ਉਹੀ, ਪੰਨਾ 1035

[3] ਗਿਆਨੀ ਹਰਬੰਸ ਸਿੰਘ, ਵਾਰਾਂ ਭਾਈ ਗੁਰਦਾਸ ਜੀ ਸਟੀਕ, ਖਾਲਸਾ ਸਾਹਿਤ ਸਦਨ, ਸ੍ਰੀ ਅੰਮ੍ਰਿਤਸਰ, ਪੰਨਾ 40

[4] ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੋਥੀ ਤੀਜੀ, ਰਾਜ ਪਬਲਿਸ਼ਰਜ਼, ਜਲੰਧਰ, ਪੰਨਾ 616

[5] ਭਾਈ ਕਾਨ੍ਹ ਸਿੰਘ ਨਾਭਾ, ਗੁਰ ਸ਼ਬਦ ਰਤਨਾਕਰ, ਨੈਸ਼ਨਲ ਬੁਕ ਸ਼ਾਪ, 2003, ਪੰਨਾ 339

[6] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 463

[7] ਉਹੀ ਪੰਨਾ 1

[8] ਗਿਆਨੀ ਨਰੈਣ ਸਿੰਘ, ਭਾਈ ਗੁਰਦਾਸ ਜੀ, ਸਟੀਕ, ਚਤਰ ਸਿੰਘ ਜੀਵਨ ਸਿੰਘ, ਸ੍ਰੀ ਅੰਮ੍ਰਿਤਸਰ, ਪੰਨਾ 162

[9] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 7

[10] ਉਹੀ, ਪੰਨਾ 464

[11] ਉਹੀ, ਪੰਨਾ 663

[12] ਉਹੀ, ਪੰਨਾ, 8

[13] ਉਹੀ, ਪੰਨਾ 1108

[14] ਉਹੀ, ਪੰਨਾ 1107

[15] ਉਹੀ, ਪੰਨਾ 469

[16] ਉਹੀ, ਪੰਨਾ 470

[17] ਉਹੀ, ਪੰਨਾ 39